**ਪੰਜਾਬ ਸਰਕਾਰ**

**ਜਲ ਸਰੋਤ ਵਿਭਾਗ**

**ਹੁਕਮ**

ਸ੍ਰੀ ਰਾਜੇਸ਼ ਕੁਮਾਰ ਸੈਣੀ, ਉਪ ਮੰਡਲ ਅਫਸਰ ਦੇ ਵਿਰੁੱਧ ਦਫਤਰੀ ਹੁਕਮ ਨੰ: 1078/1079-81/ਈਈ-2/2023 ਮਿਤੀ 08-11-2023 ਰਾਹੀ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲਜ਼ 1970 ਦੇ ਨਿਯਮ 8 ਅਧੀਨ ਚਾਰਜਸ਼ੀਟ ਜਾਰੀ ਕੀਤੀ ਸੀ, ਜਿਸ ਵਿੱਚ ਹੇਠ ਦਰਸਾਏ ਅਨੁਸਾਰ ਦੋਸ਼ ਲਗਾਇਆ ਗਿਆ ਸੀ:-

**" ਮਿਤੀ:03-10-2023 ਨੂੰ ਬਨੂੜ ਨਹਿਰ ਸਿਸਟਮ ਦੇ ਕੰਮਾਂ ਸਬੰਧੀ ਹੋਈ ਰੀਵਿਊ ਮੀਟਿੰਗ ਦੌਰਾਨ ਪਾਇਆ ਗਿਆ ਕਿ ਆਪਦੇ ਅਧੀਨ ਆਉਂਦੇ ਖਾਲਿਆਂ ਦੀ ਕੁੱਲ 25.58 ਕਿਲੋਮੀਟਰ ਲੰਬਾਈ ਬਹਾਲ/ਚਾਲੂ ਕਰਵਾਈ ਜਾਣੀ ਸੀ ਪਰੰਤੂ ਆਪ ਵਲੋਂ ਖਾਲਿਆਂ ਦੀ ਇਸ ਲੰਬਾਈ ਨੂੰ ਬਹਾਲ/ਚਾਲੂ ਕਰਵਾਉਣ ਲਈ ਕੋਈ ਉਪਰਾਲੇ ਨਹੀ ਕੀਤੇ ਗਏ। ਆਪ ਵੱਲੋਂ ਇਹ ਕੰਮ ਸਮੇਂ ਸਿਰ ਨਾ ਕਰਵਾਉਣ ਕਰਕੇ ਜਿਮੀਦਾਰਾਂ ਨੂੰ ਪਾਣੀ ਮੁਹੱਈਆ ਨਹੀ ਕਰਵਾਇਆ ਜਾ ਸਕਿਆ ਅਤੇ ਸਰਕਾਰ ਵੱਲੋਂ ਇਹਨਾਂ ਕੰਮਾਂ ਲਈ ਜਾਰੀ ਫੰਡਜ਼ ਦੀ ਵਰਤੋਂ ਸਹੀ ਤਰੀਕੇ ਨਾਲ ਨਹੀ ਕੀਤੀ ਜਾ ਸਕੀ। ਜੇਕਰ ਇਹ ਕੰਮ ਸਮੇਂ ਸਿਰ ਪੂਰੇ ਨਹੀ ਕਰਵਾਏ ਜਾ ਸਕੇ ਤਾਂ ਸਰਕਾਰ ਨੂੰ ਵਿੱਤੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਜਿਹਾ ਕਰਦੇ ਹੋਏ ਆਪ ਵੱਲੋਂ ਆਪਣੀ ਡਿਊਟੀ ਸਹੀ ਢੰਗ ਨਾਲ ਨਹੀ ਨਿਭਾਈ ਗਈ ਅਤੇ ਆਪਣੀ ਡਿਊਟੀ ਪ੍ਰਤੀ ਕੁਤਾਹੀ ਵਰਤੀ ਗਈ ਹੈ।"**

ਚਾਰਜਡ ਅਧਿਕਾਰੀ ਵੱਲੋਂ ਆਪਣਾ ਜਵਾਬ ਸਰਕਾਰ ਨੂੰ ਪੇਸ਼ ਕੀਤਾ ਗਿਆ।

ਸ੍ਰੀ ਰਾਜੇਸ਼ ਕੁਮਾਰ ਸੈਣੀ, ਉਪ ਮੰਡਲ ਅਫਸਰ ਵੱਲੋਂ ਚਾਰਜਸੀਟ ਸਬੰਧੀ ਪੇਸ਼ ਕੀਤੇ ਜਵਾਬ ਉਪਰੰਤ ਮਾਮਲੇ ਦੀ ਪੜਤਾਲ ਕਰਵਾਉਣ ਲਈ ਪੜਤਾਲੀਆ ਅਫਸਰ ਲਗਾਇਆ ਗਿਆ ਅਤੇ ਪੜਤਾਲੀਆ ਅਫਸਰ ਵਲੋਂ ਸਰਕਾਰ ਨੂੰ ਪੇਸ਼ ਕੀਤੀ ਪੜਤਾਲ ਦੀ ਰਿਪੋਰਟ ਦੀ ਕਾਪੀ ਪੱਤਰ ਨੰ:839993/2024, ,ਮਿਤੀ:14-05-2024 ਨਾਲ ਚਾਰਜਡ ਅਧਿਕਾਰੀ ਨੂੰ ਭੇਜਦੇ ਹੋਏ ਸਪੱਸ਼ਟੀਕਰਨ ਦੀ ਮੰਗ ਕੀਤੀ ਗਈ। ਅਧਿਕਾਰੀ ਵਲੋਂ ਪੇਸ਼ ਕੀਤੇ ਸਪੱਸਟੀਕਰਨ ਤੇ ਉਸ ਵੱਲੋਂ ਉਸਦੀ ਮਿਤੀ 05-08-2024 ਨੂੰ ਹੋਈ ਨਿੱਜੀ ਸੁਣਵਾਈ ਦੌਰਾਨ ਆਪਣਾ ਪੱਖ ਰੱਖਿਆ ਗਿਆ। ਪੜਤਾਲੀਆ ਅਫਸਰ ਵਲੋਂ ਪੇਸ਼ ਕੀਤੀ ਪੜਤਾਲ ਰਿਪੋਰਟ ਅਤੇ ਅਧਿਕਾਰੀ ਦਾ ਜਵਾਬ ਅਤੇ ਨਿੱਜੀ ਸੁਣਵਾਈ ਦੌਰਾਨ ਪੇਸ਼ ਕੀਤੇ ਤੱਥਾਂ ਨੂੰ ਵਿਚਾਰਦੇ ਹੋਏ ਚਾਰਜ਼ਡ ਅਧਿਕਾਰੀ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਨਿਯਮ 8 ਅਧੀਨ ਹੁਕਮ ਨੰ: 1078 / 1079-81/ਈਈ-2/2023 ਮਿਤੀ 08-11-2023 ਰਾਹੀ ਜਾਰੀ ਚਾਰਜਸ਼ੀਟ ਦਾ ਫੈਸਲਾ ਕਰਦੇ ਹੋਏ ਅਧਿਕਾਰੀ ਦੀ ਇੱਕ ਇੰਕਰੀਮੈਂਟ (ਸਲਾਨਾ ਤਰੱਕੀ) ਬਿਨਾਂ ਭਵਿੱਖ ਅਸਰ ਤੋਂ ਬੰਦ ਕਰਨ ਦੀ ਸਜਾ ਦਿੱਤੀ ਜਾਂਦੀ ਹੈ।

ਮਿਤੀ 05-08-2024
ਸਥਾਨ ਚੰਡੀਗੜ੍ਹ।

ਕ੍ਰਿਸ਼ਨ ਕੁਮਾਰ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰਬਰ..I/900372.........ਈਈ-2/2024 ਮਿਤੀ ..07/08.../2024

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ (By Email) ਸੂਚਨਾਂ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਅਧੀਨ ਸਕੱਤਰ, ਜਲ ਸਰੋਤ ਵਿਭਾਗ (ਸਿੰਚਾਈ ਪ੍ਰਸੋਨਲ-2 ਸ਼ਾਖਾ), ਪੰਜਾਬ, ਚੰਡੀਗੜ੍ਹ।
2. ਮੁੱਖ ਇੰਜੀਨੀਅਰ/ਵਿਜੀਲੈਂਸ ਅਤੇ ਕੁਆਲਟੀ ਐਸ਼ੋਰੈਂਸ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
3. ਮੁੱਖ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ,ਪੰਜਾਬ, ਚੰਡੀਗੜ੍ਹ।
4. ਨਿਗਰਾਨ ਇੰਜੀਨੀਅਰ/ਭਾਖੜਾ ਮੇਨ ਲਾਈਨ ਹਲਕਾ,ਜਲ ਸਰੋਤ ਵਿਭਾਗ,ਪੰਜਾਬ,ਪਟਿਆਲਾ।
5. ਕਾਰਜਕਾਰੀ ਇੰਜੀਨੀਅਰ, ਦੇਵੀਗੜ੍ਹ ਪਟਿਆਲਾ ਨਹਿਰ ਤੇ ਗਰਾਉਂਡ ਵਾਟਰ ਮੰਡਲ, ਜਲ ਸਰੋਤ ਵਿਭਾਗ,ਪੰਜਾਬ,ਪਟਿਆਲਾ।
6. ਸੁਪਰਡੈਂਟ/ਚਾਰਜਸ਼ੀਟ ਸ਼ਾਖਾ, ਜਲ ਸਰੋਤ ਵਿਭਾਗ, ਪੰਜਾਬ (ਮੁੱਖ ਦਫਤਰ), ਚੰਡੀਗੜ੍ਹ।
7. ਸੁਪਰਡੈਂਟ/ਕੰਪਿਊਟਰ ਸੈੱਲ, ਜਲ ਸਰੋਤ ਵਿਭਾਗ, ਪੰਜਾਬ (ਮੁੱਖ ਦਫਤਰ), ਚੰਡੀਗੜ੍ਹ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਜਲ ਸਰੋਤ ਵਿਭਾਗ ਦੀ ਵੈੱਬਸਾਈਟ ਤੇ ਇਹ ਹੁਕਮ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।
8. ਸ੍ਰੀ ਰਾਜੇਸ਼ ਕੁਮਾਰ ਸੈਣੀ, ਉਪ ਮੰਡਲ ਅਫਸਰ ਮਾਰਫਤ ਲੜੀ ਨੰ:5 ਰਾਹੀਂ।

07/08/24

ਸੁਪਰਡੈਂਟ/ਈਈ-2,
ਮੁੱਖ ਇੰਜੀਨੀਅਰ/ਹੈੱਡਕੁਆਟਰ, ਜਲ ਸਰੋਤ ਵਿਭਾਗ,
ਪੰਜਾਬ, ਚੰਡੀਗੜ੍ਹ।